# ਮਾਡਲ ਟੈਸਟ ਪੇਪਰ

## ਰਾਜਨੀਤੀ ਸ਼ਾਸਤਰ–XII

## 2020–21

ਸਮਾਂ: 3 ਘੰਟੇ

ਲਿਖਤੀ : 80
ਅੰਦਰੂਨੀ ਮੁਲਾਂਕਣ : 20
ਕੁੱਲ : 100

ਨੋਟ :–

(i) ਪ੍ਰਸ਼ਨ ਪੱਤਰ ਦੇ ਪੰਜ ਮੁੱਖ ਭਾਗ ਹਨ। ਇਹਨਾਂ ਵਿੱਚ ਪ੍ਰਸ਼ਨਾਂ ਦੀ ਕੁੱਲ ਗਿਣਤੀ 16 ਹੋਵੇਗੀ ਅਤੇ ਉਪ ਭਾਗ ਮਿਲਾ ਕੇ ਗਿਣਤੀ 45 ਪ੍ਰਸ਼ਨ ਹਨ।

(ii) ਭਾਗ–ੳ ਵਿੱਚ ਪ੍ਰਸ਼ਨ ਨੰ: 1 ਵਿੱਚ 30 ਲਾਜ਼ਮੀ ਹਿੱਸੇ ਹਨ। ਹਰੇਕ ਹਿੱਸਾ 1 ਅੰਕ ਦਾ ਹੈ। ਇਹਨਾਂ ਵਿੱਚ 20 ਹਿੱਸੇ ਬਹੁ–ਵਿਕਲਪੀ ਹਨ ਅਤੇ 10 ਦਾ ਉੱਤਰ ਇੱਕ ਸ਼ਬਦ ਤੋਂ ਵਾਕ ਵਿੱਚ, ਖਾਲੀ ਥਾਂ ਜਾਂ ਠੀਕ/ਗ਼ਲਤ ਕਿਸਮ ਦਾ ਹੈ। **30 × 1=30**

(iii) ਭਾਗ–ਅ ਵਿੱਚ 6 ਲਾਜ਼ਮੀ ਪ੍ਰਸ਼ਨ ਹਨ ਅਤੇ ਹਰੇਕ ਪ੍ਰਸ਼ਨ 2 ਅੰਕਾਂ ਦਾ ਹੈ। ਹਰੇਕ ਪ੍ਰਸ਼ਨ ਦਾ ਉੱਤਰ 20 ਤੋਂ 30 ਸ਼ਬਦਾਂ ਜਾਂ 2–3 ਲਾਈਨਾਂ ਦਾ ਤੱਕ ਦਾ ਹੋ ਸਕਦਾ ਹੈ। **6 × 2=12**

(iv) ਭਾਗ–ੲ ਵਿੱਚ 6 ਪ੍ਰਸ਼ਨ ਹਨ ਅਤੇ ਹਰੇਕ ਪ੍ਰਸ਼ਨ 4 ਅੰਕਾਂ ਦਾ ਹੈ। ਪਰੀਖਿਆਰਥੀ ਨੇ ਕੋਈ 4 ਪ੍ਰਸ਼ਨ ਹੱਲ ਕਰਨੇ ਹਨ। ਹਰ ਉੱਤਰ 50–60 ਸ਼ਬਦਾਂ ਦਾ ਹੋ ਸਕਦਾ ਹੈ। **4 × 4=16**

(v) ਭਾਗ–ਸ ਵਿੱਚ ਪ੍ਰਸ਼ਨ ਨੰ: 14 ਵਿੱਚ ਅੱਗੋਂ ਇੱਕ ਪ੍ਰਸ਼ਨ ਸਹੀ ਮਿਲਾਨ ਕਰੋ ਤੇ ਹੋਰ ਪ੍ਰਸ਼ਨ ਇੱਕ/ਦੋ ਅੰਕਾਂ ਦੇ ਹਨ। ਵਿਦਿਆਰਥੀ ਨੇ ਦਿੱਤੇ ਗਏ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦੇਣੇ ਹਨ ਜਾਂ ਸਹੀ ਮਿਲਾਨ ਕਰਨਾ ਹੈ।

(vi) ਭਾਗ–ਹ ਵਿੱਚ 2 ਪ੍ਰਸ਼ਨ ਹਨ ਜਿਨ੍ਹਾਂ ਵਿੱਚ ਅੰਦਰੂਨੀ ਵਿਕਲਪ ਦੀ ਸਹੂਲਤ ਹੈ। ਹਰੇਕ ਪ੍ਰਸ਼ਨ 6 ਅੰਕਾਂ ਦਾ ਹੈ। ਵਿਦਿਆਰਥੀ ਨੇ 150–200 ਸ਼ਬਦਾਂ ਵਿੱਚ ਉੱਤਰ ਦੇਣਾ ਹੈ।

**2 × 6=12**

### ਭਾਗ–I ਅੰਕ: 30 × 1=30

ਨੋਟ: ਸਾਰੇ ਪ੍ਰਸ਼ਨ ਜ਼ਰੂਰੀ ਹਨ :–

1. ੳ 'Political System' ਨਾਂ ਦੀ ਪੁਸਤਕ 1963 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸਦਾ ਲੇਖਕ ਕੌਣ ਸੀ ? 1

(i) ਰਾਬਰਟ ਏ.ਡਾਹਲ (ii) ਜੀ.ਏ. ਆਲਮੰਡ
(iii) ਡੇਵਿਡ ਈਸਟਨ (iv) ਜੌਹਨ ਸਟੂਅਰਟ

ਅ ਸਮਕਾਲੀ ਉਦਾਰਵਾਦ ਅਨੁਸਾਰ ਰਾਜ ਕੀ ਹੈ ? 1

(i) ਜ਼ਰੂਰੀ ਬੁਰਾਈ (ii) ਨੈਤਿਕ ਸੰਸਥਾ
(iii) ਕੁਦਰਤੀ ਸੰਸਥਾ (iv) ਕਲਿਆਣਕਾਰੀ ਸੰਸਥਾ

ੲ ਨੌਕਰਸ਼ਾਹੀ ਨੂੰ ਹੋਰ ਕੀ ਕਿਹਾ ਜਾਂਦਾ ਹੈ ? 1

(i) ਅਸੈਨਿਕ ਸੇਵਾਵਾਂ (ii) ਲੋਕ ਸੇਵਾਵਾਂ
(iii) ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ (iv) ਉਪਰੋਕਤ ਸਾਰੇ

ਸ ਹੇਠ ਲਿਖੀਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਰਾਜਨੀਤਿਕ ਦਲਾਂ ਦੀ ਨਹੀਂ ਹੈ ? 1

(i) ਸੰਪ੍ਰਦਾਇਕ ਆਧਾਰ (ii) ਸੰਵਿਧਾਨਿਕ ਵਿਧੀਆਂ ਵਿੱਚ ਵਿਸ਼ਵਾਸ

(iii) ਮੂਲ ਸਿਧਾਂਤਾ 'ਤੇ ਏਕਤਾ (iv) ਰਾਜਨੀਤਿਕ ਅਤੇ ਆਰਥਿਕ ਆਧਾਰ

ਹ ਹੇਠ ਲਿਖਿਆਂ ਵਿੱਚੋਂ ਕਿਹੜੀ ਵਿਧੀ ਦਬਾਓ ਸਮੂਹ ਪ੍ਰਯੋਗ ਨਹੀਂ ਕਰਦੇ ? 1

(i) ਬਿਨੈ-ਪੱਤਰ ਦੇਣਾ (ii) ਹੜਤਾਲ

(iii) ਚੋਣ ਲੜਨਾ (iv) ਲਾਬੀਇੰਗ

ਕ ਹੇਠ ਲਿਖਿਆਂ ਵਿੱਚੋਂ ਕਿਹੜਾ ਨਿਵੇਸ਼ ਕਾਰਜ ਨਹੀਂ ਹੈ ? 1

(i) ਨਿਯਮ ਨਿਰਮਾਣ (ii) ਹਿੱਤ ਸਮੂਹੀਕਰਨ

(iii) ਰਾਜਨੀਤਿਕ ਸੰਚਾਰ (iv) ਰਾਜਨੀਤਿਕ ਸਮਾਜੀਕਰਨ

ਖ 'ਦਾਸ ਕੈਪੀਟਲ' ਕਿਸ ਦੀ ਰਚਨਾ ਹੈ ? 1

(i) ਫ੍ਰੈਡਰਿਕ ਏਂਜਲਜ਼ (ii) ਸਟਾਲਿਨ

(iii) ਪਲੈਟੋ (iv) ਕਾਰਲ ਮਾਰਕਸ

ਗ 'Bureau' ਸ਼ਬਦ ਕਿਸ ਭਾਸ਼ਾ ਦੇ ਸ਼ਬਦ ਤੋਂ ਲਿਆ ਗਿਆ ਹੈ? 1

(i) ਫ਼ਰਾਂਸੀਸੀ (ii) ਯੂਨਾਨੀ

(iii) ਲਾਤੀਨੀ (iv)ਅੰਗਰੇਜ਼ੀ

ਘ ਵਿਰੋਧੀ ਦਲ ਕੀ ਕੰਮ ਕਰਦਾ ਹੈ ? 1

(i) ਆਲੋਚਨਾ (ii) ਰਾਜਨੀਤਿਕ ਸਿੱਖਿਆ

(iii)ਸਰਕਾਰ ਨਾਲ ਸਹਿਯੋਗ (iv) ਉਪਰੋਕਤ ਸਾਰੇ

ਙ ਮਹਾਂਤਮਾ ਗਾਂਧੀ ਦਾ ਰਾਜਨੀਤਿਕ ਗੁਰੂ ਕੌਣ ਸੀ ? 1

(i) ਮਦਨ ਮੋਹਨ ਮਾਲਵੀਆ (ii) ਗੋਪਾਲ ਕ੍ਰਿਸ਼ਨ ਗੋਖਲੇ

(iii) ਪੰਡਿਤ ਮੋਤੀਲਾਲ ਨਹਿਰੂ (iv) ਜੌਹਨ ਰਸਕਿਨ

ਚ ਹੇਠ ਲਿਖੀਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਸੰਸਦੀ ਸਰਕਾਰ ਦੀ ਨਹੀਂ ਹੈ ? 1

(i) ਨਾਂ-ਮਾਤਰ ਅਤੇ ਅਸਲੀ ਕਾਰਜ ਪਾਲਿਕਾ (ii) ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ ਵਿੱਚ ਗੂੜਾ ਸਬੰਧ

(iii) ਅਸਲੀ ਕਾਰਜਪਾਲਿਕਾ ਦਾ ਨਿਸਚਿਤ ਕਾਰਜਕਾਲ (iv) ਰਾਜਨੀਤਿਕ ਇਕਰੂਪਤਾ

ਛ ਲੋਕਤੰਤਰ ਵਿੱਚ ਸਰਵਉੱਚ ਸ਼ਕਤੀ ਕਿਸ ਕੋਲ ਹੁੰਦੀ ਹੈ ? 1

(i) ਲੋਕਾਂ ਕੋਲ (ii) ਸਰਕਾਰ ਕੋਲ

(iii) ਨਿਆਂ ਪਾਲਿਕਾ ਕੋਲ (iv) ਉਪਰੋਕਤ ਵਿੱਚੋਂ ਕੋਈ ਨਹੀਂ

ਜ ਸੰਵਿਧਾਨ ਦੀ ਕਿਹੜੀ ਸੋਧ ਰਾਹੀਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੰਵਿਧਾਨਿਕ ਦਰਜਾ ਪ੍ਰਦਾਨ ਕੀਤਾ ਗਿਆ ਹੈ ? 1

(i) 52ਵੀਂ ਸੋਧ (ii) 65ਵੀਂ ਸੋਧ

(iii)73ਵੀਂ ਸੋਧ (iv) 74ਵੀਂ ਸੋਧ

ਝ ਭਾਰਤੀ ਸਾਮਵਾਦੀ ਦਲ ਦੀ ਦੋ ਭਾਗਾਂ ਵਿੱਚ ਵੰਡ ਕਦੋਂ ਹੋਈ ਸੀ ? 1

(i) 1957 (ii) 1964

(iii) 1971 (iv)1984

ਞ ਹੇਠ ਲਿਖਿਆਂ ਵਿੱਚੋਂ ਕਿਹੜਾ ਕਾਰਜ ਚੋਣ ਆਯੋਗ ਦਾ ਕਾਰਜ ਨਹੀਂ ਹੈ ? 1

(i) ਸੰਵਿਧਾਨ ਵਿੱਚ ਸੋਧ (ii) ਮਤਦਾਤਾ ਸੂਚੀਆਂ ਤਿਆਰ ਕਰਨਾ

(iii) ਰਾਜਨੀਤਿਕ ਦਲਾਂ ਨੂੰ ਮਾਨਤਾ ਦੇਣਾ (iv) ਚੋਣਾਂ ਦਾ ਪ੍ਰਬੰਧ ਅਤੇ ਨਿਰਦੇਸ਼ਨ

ਟ ਰਾਸ਼ਟਰੀ ਏਕੀਕਰਨ ਪ੍ਰੀਸ਼ਦ ਦਾ ਮੁਖੀ (ਅਧਿਅਕਸ਼ ) ਕੌਣ ਹੁੰਦਾ ਹੈ ? 1

(i) ਰਾਸ਼ਟਰਪਤੀ (ii) ਸੁਪਰੀਮ ਕੋਰਟ ਦਾ ਮੁੱਖ ਜੱਜ

(iii) ਉਪ-ਰਾਸ਼ਟਰਪਤੀ (iv) ਪ੍ਰਧਾਨ ਮੰਤਰੀ

ਠ "ਵਿਦੇਸ਼ ਨੀਤੀ ਦਾ ਉਦੇਸ਼ ਰਾਸ਼ਟਰੀ ਹਿੱਤਾਂ ਦੀ ਪੈਰਵੀ ਕਰਨਾ ਹੁੰਦਾ ਹੈ" ਇਹ ਕਥਨ ਕਿਸਦਾ ਹੈ ? 1

(i) ਕ੍ਰਿਸ਼ਨਾ ਮੈਨਨ (ii) ਸ਼੍ਰੀਮਤੀ ਇੰਦਰਾ ਗਾਂਧੀ

(iii) ਪੰ. ਜਵਾਹਰ ਲਾਲ ਨਹਿਰੂ (iv) ਡਾ. ਐੱਸ. ਰਾਧਾ ਕ੍ਰਿਸ਼ਨਨ

ਡ ਮੈਕਮੋਹਨ ਰੇਖਾ ਕਿਹੜੇ ਦੋ ਦੇਸ਼ਾਂ ਨਾਲ ਸਬੰਧਿਤ ਹੈ ? 1

(i) ਭਾਰਤ ਅਤੇ ਪਾਕਿਸਤਾਨ (ii) ਚੀਨ ਅਤੇ ਪਾਕਿਸਤਾਨ

(iii) ਭਾਰਤ ਅਤੇ ਚੀਨ (iv) ਭਾਰਤ ਅਤੇ ਨੇਪਾਲ

ਢ ਸੰਯੁਕਤ ਰਾਸ਼ਟਰ ਦਾ ਮੁੱਖ ਦਫ਼ਤਰ ਕਿੱਥੇ ਸਥਿਤ ਹੈ ? 1

(i) ਨਿਊਯਾਰਕ (ii) ਨਿਊ ਦਿੱਲੀ

(iii) ਸਾਂ ਫ਼ਰਾਂਸਿਸਕੋ (iv) ਪੈਰਿਸ

ਣ ਨੇਪਾਲ ਵਿੱਚ ਰਾਜਸ਼ਾਹੀ ਦਾ ਅੰਤ ਕਦੋਂ ਹੋਇਆ ? 1

(i) 2019 (ii) 2007

(iii) 2016 (iv) 2008

ਤ ਰਾਜਨੀਤਿਕ ਪ੍ਰਣਾਲੀ ............................ ਨੂੰ .......................ਵਿੱਚ ਬਦਲਣ ਦਾ ਕਾਰਜ ਕਰਦੀ ਹੈ। 1

ਥ ਨੌਕਰਸ਼ਾਹੀ ਨੂੰ ਪ੍ਰਸ਼ਾਸਨ ਦੀ .........................ਦੀ ਹੱਡੀ ਕਿਹਾ ਜਾਂਦਾ ਹੈ। 1

ਦ .....................ਭਾਰਤੀ ਲੋਕਤੰਤਰ ਦੀ ਸਫ਼ਲਤਾ ਦੇ ਰਸਤੇ ਵਿੱਚ ਰੁਕਾਵਟ ਹੈ। 1

ਧ ਭਾਰਤ ਸੁਰੱਖਿਆ ਪਰਿਸ਼ਦ ਦਾ ਸਥਾਈ ਮੈਂਬਰ ਹੈ। (ਸਹੀ/ਗ਼ਲਤ) 1

ਨ ਮਾਰਕਸ ਅਨੁਸਾਰ ਵਾਧ ਮੁੱਲ ਤੇ ਪੂੰਜੀਪਤੀ ਦਾ ਅਧਿਕਾਰ ਹੁੰਦਾ ਹੈ। (ਸਹੀ/ਗ਼ਲਤ) 1

ਪ ਦਬਾਉ ਸਮੂਹਾਂ ਦੀ ਮੈਂਬਰੀ ਇੱਛੁਕ ਹੁੰਦੀ ਹੈ। (ਸਹੀ/ਗ਼ਲਤ) 1

ਫ ਚੋਣ ਕਮਿਸ਼ਨਰ ਦੀ ਨਿਯੁਕਤੀ ਕੌਣ ਕਰਦਾ ਹੈ ? 1

ਬ ਸ਼ਿਮਲਾ ਸਮਝੌਤਾ ਕਦੋਂ ਹੋਇਆ ਸੀ ? 1

ਭ ਸੰਯੁਕਤ ਰਾਸ਼ਟਰ ਸਘ ਦੇ ਮੁੱਢਲੇ ਮੈਂਬਰ ਕਿੰਨੇ ਸਨ ? 1

ਮ ਮਹਾਤਮਾ ਗਾਂਧੀ ਦੇ ਆਦਰਸ਼ ਰਾਜ ਦੀ ਕੋਈ ਇੱਕ ਵਿਸ਼ੇਸ਼ਤਾ ਦੱਸੋ ? 1

## ਭਾਗ-II ਅੰਕ 6 × 2=12

**ਨੋਟ: ਸਾਰੇ ਪ੍ਰਸ਼ਨ ਜ਼ਰੂਰੀ ਹਨ :-**

2. ਰਾਜ ਅਤੇ ਰਾਜਨੀਤਿਕ ਪ੍ਰਣਾਲੀ ਵਿੱਚ ਕੋਈ ਦੋ ਅੰਤਰ ਦੱਸੋ ? 2
3. ਉਦਾਰਵਾਦ ਦਾ ਸ਼ਬਦੀ ਅਰਥ ਦੱਸੋ ? 2
4. ਇੱਕ-ਦਲੀ ਪ੍ਰਣਾਲੀ ਵਾਲੇ ਕੋਈ ਦੋ ਦੇਸ਼ਾਂ ਦੇ ਨਾਂ ਦੱਸੋ ? 2
5. ਭਾਰਤੀ ਸੰਸਦੀ ਪ੍ਰਣਾਲੀ ਦੇ ਕੋਈ ਦੋ ਦੋਸ਼ ਦੱਸੋ ? 2
6. ਭਾਰਤ ਵਿੱਚ ਪਾਏ ਜਾਣ ਵਾਲੇ ਕੋਈ ਦੋ ਖ਼ੇਤਰੀ ਦਲਾਂ ਦਾ ਨਾਂ ਲਿਖੋ ? 2
7. ਸੰਪ੍ਰਦਾਇਕਤਾ ਦਾ ਭਾਰਤੀ ਰਾਸ਼ਟਰੀ ਏਕੀਕਰਨ ਉੱਤੇ ਕੀ ਪ੍ਰਭਾਵ ਹੈ ? 2

## ਭਾਗ-III ਅੰਕ 4 × 4= 16

**ਨੋਟ: ਕੋਈ ਚਾਰ ਪ੍ਰਸ਼ਨ ਹੱਲ ਕਰਨੇ ਹਨ :-**

8. 'ਹਿਜਰਤ' ਤੋਂ ਗਾਂਧੀ ਜੀ ਦਾ ਕੀ ਭਾਵ ਹੈ ?
9. ਨੌਕਰਸ਼ਾਹੀ ਦੇ ਕੋਈ ਚਾਰ ਕਾਰਜ ਦੱਸੋ ?
10. ਹਿਤ ਸਮੂਹ ਅਤੇ ਦਬਾਓ ਸਮੂਹ ਵਿੱਚ ਅੰਤਰ ਦੱਸੋ ?
11. ਭਾਰਤੀ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਚਾਰ ਸ਼ਰਤਾਂ ਦਾ ਵਰਣਨ ਕਰੋ ?
12. ਭਾਰਤ ਦੀ ਸੰਯੁਕਤ ਰਾਸ਼ਟਰ ਵਿੱਚ ਭੂਮਿਕਾ ਦਾ ਵਰਣਨ ਕਰੋ ?
13. ਪੰਚਸ਼ੀਲ ਕੀ ਹੈ ?

## ਭਾਗ–IV

14. **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :–**

ਸੰਯੁਕਤ ਰਾਸ਼ਟਰ (ਯੂ. ਐੱਨ) : ਸੰਸਾਰ ਨੂੰ ਯੁੱਧਾਂ ਦੀ ਭੱਠੀ ਦੇ ਭਿਆਨਕ ਦੁੱਖਾਂ ਤੋਂ ਬਚਾਉਣ ਲਈ ਮੁੱਢ ਤੋਂ ਹੀ ਮਨੁੱਖ ਯਤਨ ਕਰਦਾ ਆਇਆ ਹੈ ਅਤੇ 'ਸੰਯੁਕਤ ਰਾਸ਼ਟਰ' (ਯੂ. ਐੱਨ) ਅਜਿਹੇ ਹੀ ਯਤਨਾਂ ਦੇ ਨਤੀਜੇ ਵਜੋਂ ਹੋਂਦ ਵਿੱਚ ਆਇਆ ਇੱਕ ਅੰਤਰ–ਰਾਸ਼ਟਰੀ ਜਾਂ ਕੌਮਾਂਤਰੀ ਸੰਗਠਨ ਹੈ। ਇਹ ਸੰਗਠਨ 24 ਅਕਤੂਬਰ, 1945 ਨੂੰ ਸਾਂ ਫ਼ਰਾਂਸਿਸਕੋ ਸੰਮੇਲਨ ਵਿੱਚ ਤਿਆਰ ਕੀਤੇ ਗਏ ਚਾਰਟਰ ਅਨੁਸਾਰ ਹੋਂਦ ਵਿੱਚ ਆਇਆ ਅਤੇ ਇਸ ਦਾ ਮੁੱਖ ਦਫ਼ਤਰ ਅਮਰੀਕਾ ਦੇ ਪ੍ਰਸਿੱਧ ਸ਼ਹਿਰ ਨਿਊਯਾਰਕ ਵਿੱਚ ਹੈ। ਸ਼ੁਰੂ ਵਿੱਚ ਸੰਯੁਕਤ ਰਾਸ਼ਟਰ ਦੇ 51 ਰਾਜ ਮੈਂਬਰ ਸਨ ਜਦਕਿ ਇਸ ਸਮੇਂ ਇਸ ਦੇ ਮੈਂਬਰ ਰਾਜਾਂ ਦੀ ਗਿਣਤੀ 193 ਹੈ। ਸੰਯੁਕਤ ਰਾਸ਼ਟਰ ਦੇ 6 ਮੁੱਖ ਅੰਗ ਹਨ–ਮਹਾਂ ਸਭਾ, ਸੁਰੱਖਿਆ ਪ੍ਰੀਸ਼ਦ, ਆਰਥਿਕ ਅਤੇ ਸਮਾਜਿਕ ਪ੍ਰੀਸ਼ਦ, ਅਮਾਨਤੀ ਪ੍ਰੀਸ਼ਦ, ਅੰਤਰ ਰਾਸ਼ਟਰੀ ਨਿਆਂ ਅਦਾਲਤ ਅਤੇ ਸਕੱਤਰੇਤ। ਮਹਾਂ ਸਭਾ ਸੰਯੁਕਤ ਰਾਸ਼ਟਰ ਦਾ ਸਭ ਤੋਂ ਵੱਡਾ ਵਿਚਾਰਧਾਰਾਤਮਕ ਅੰਗ ਹੈ। ਸੁਰੱਖਿਆ ਪ੍ਰੀਸ਼ਦ ਜਾਂ ਸਲਾਮਤੀ ਕੌਂਸਲ, ਸੰਯੁਕਤ ਰਾਸ਼ਟਰ ਦਾ ਕਾਰਜ ਸਾਧਕੀ ਅੰਗ ਹ। ਮਹਾਂ ਸਭਾ (ਜਨਰਲ ਅਸੈਂਬਲੀ) ਸੰਯੁਕਤ ਰਾਸ਼ਟਰ ਦੀ ਵਿਧਾਨਪਾਲਿਕਾ ਅਤੇ ਸੁਰੱਖਿਆ ਪ੍ਰੀਸ਼ਦ (ਸਕਿਓਰਿਟੀ ਕੌਂਸਲ) ਨੂੰ ਇਸ ਦੀ ਕਾਰਜਪਾਲਿਕਾ ਕਿਹਾ ਜਾਂਦਾ ਹੈ। ਆਰਥਿਕ ਅਤੇ ਸਮਾਜਿਕ ਪ੍ਰੀਸ਼ਦ (ਇਕਨੌਮਿਕ ਐਂਡ ਸੋਸ਼ਲ ਕੌਂਸਲ) ਸੰਸਾਰ ਦੀਆਂ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਦੀ ਹੈ। ਅਮਾਨਤੀ ਪ੍ਰੀਸ਼ਦ (ਟਰਸਟੀਸ਼ਿਪ ਕੌਂਸਲ) ਸਵੈ–ਸ਼ਾਸ਼ਨ ਰਹਿਤ ਪੱਛੜੇ ਖੇਤਰਾਂ ਦੀ ਦੇਖਭਾਲ ਕਰਦੀ ਹੈ। ਅੰਤਰ ਰਾਸ਼ਟਰੀ ਨਿਆਂ ਅਦਾਲਤ (ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ) ਉਨ੍ਹਾਂ ਝਗੜਿਆਂ ਦਾ ਨਿਪਟਾਰਾ ਕਰਦੀ ਹੈ ਜਿਹੜੇ ਸਬੰਧਿਤ ਰਾਜਾਂ ਦੁਆਰਾ ਆਪਸੀ ਸਹਿਮਤੀ ਨਾਲ ਇਸ ਕੋਲ ਲਿਜਾਏ ਜਾਂਦੇ ਹਨ। ਸਕੱਤਰੇਤ (ਸੈਕਟਰੀਏਟ) ਸੰਯੁਕਤ ਰਾਸ਼ਟਰ ਦਾ ਪ੍ਰਬੰਧਕੀ ਅੰਗ ਹੈ।

(i) ਸੰਯੁਕਤ ਰਾਸ਼ਟਰ ਇੱਕ..........................ਸੰਗਠਨ ਹੈ ਤੇ ਇਸਦੇ ......... ਅੰਗ ਹਨ।

(ii) ਸੰਯੁਕਤ ਰਾਸ਼ਟਰ ਦੇ ਮੁਢਲੇ ਮੈਂਬਰਾਂ ਤੇ ਮੌਜੂਦਾ ਮੈਂਬਰਾਂ ਦੀ ਗਿਣਤੀ ਦੱਸੋ ?

(iii) ਸੰਯੁਕਤ ਰਾਸ਼ਟਰ ਦੀ ਸਥਾਪਨਾ ਕਿਉਂ ਕੀਤੀ ਗਈ ?

(iv) ਸਹੀ ਮਿਲਾਨ ਕਰੋ ?

| | |
|---|---|
| ੳ. ਸਥਾਪਨਾ ਸੰਮੇਲਨ | ਯ. ਸੁਰੱਖਿਆ ਪ੍ਰੀਸ਼ਦ |
| ਅ. ਯੂ. ਐੱਨ ਕਾਰਜਪਾਲਿਕਾ | ਰ. ਮਹਾਂਸਭਾ |
| ੲ. ਮੁੱਖ ਦਫ਼ਤਰ | ਲ. ਸਾਂ ਫ਼ਰਾਂਸਿਸਕ |
| ਸ. ਯੂ. ਐੱਨ ਵਿਧਾਨਪਾਲਿਕਾ | ਵ. ਨਿਊਯਾਰਕ |

**2+2+2+4= 10**

## ਭਾਗ–V

**ਅੰਕ 6 × 2=12**

**ਨੋਟ: ਸਾਰੇ ਪ੍ਰਸ਼ਨ ਜ਼ਰੂਰੀ ਹਨ :–**

15. ਉਦਾਰਵਾਦ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ। 6

ਜਾਂ

ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਦਾ ਵਰਣਨ ਕਰੋ।

16. ਪੰਚਾਇਤੀ ਰਾਜ ਪ੍ਰਣਾਲੀ ਦੀਆਂ ਕੋਈ ਛੇ ਸਮੱਸਿਆਵਾਂ ਦਾ ਵਰਣਨ ਕਰੋ। 6

ਜਾਂ

ਭਾਰਤ ਦੀ ਵਿਦੇਸ਼ ਨੀਤੀ ਦੀਆ ਕੋਈ ਛੇ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।